# ANGEL'S PUBLIC SCHOOL

Strive for Perfection

## SAMPLE PAPER

**HALF YEARLY EXAM SESSION 20225 – 26**

**TIME: 3 HRS CLASS – IX SUBJECT : PUNJABI M.M:80**

**ਨੋਟ - ਸਾਰੇ ਪ੍ਰਸ਼ਨ ਹਨ ਕਰੋ । ਲਿਖਾਈ - ਸਾਫ਼ ਸੁਥਰੀ ਕਰੋ ।**

**ਭਾਗ - ੳ (ਪੜਨ ਕੌਸ਼ਲ) (ਅਣਡਿੱਠਾ ਪੈਰਾ)** (10)

**(1) ਹੇਠਾ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓਂ ।** (7)

ਹੇਠ ਲਿਖਿਆ ਪੈਰਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ।

ਵਾਲਟ ਵਿਟਮੈਨ ਕਹਿੰਦਾ ਹੈ, ਕਵਿਤਾ ਏਨਾ ਹੁਨਰ ਨਹੀਂ, ਜਿੰਨੀ ਜੀਵਨ ਦੀ ਇੱਕ ਜਾਚ ਹੈ। ਨਿਰੇ ਕਾਵਿ ਹੁਨਰ ਨਾਲ ਕੋਈ ਕਵੀ ਨਹੀਂ ਬਣ ਜਾਂਦਾ। ਜਿੰਨਾ ਚਿਰ ਉਹਦੇ ਪਿੰਡੇ ਦਾ ਮਾਸ ਵੀ ਇੱਕ ਵੱਡੀ ਕਵਿਤਾ ਨਹੀਂ ਬਣ ਗਿਆ, ਉਨਾ ਚਿਰ ਉਹ ਵੱਡਾ ਨਹੀ ਬਣਿਆ। ਵਾਲਟ ਵਿਟਮੈਨ ਦੀ ਜਾਚੇ, ਸਭ ਖ਼ੂਬਸੂਰਤੀ, ਇੱਕ ਖ਼ੂਬਸੂਰਤ ਲਹੂ ਤੇ ਇੱਕ ਖ਼ੂਬਸੂਰਤ ਦਿਮਾਗ਼ ਵਿਚੋਂ ਨਿਕਲਦੀ ਹੈ। ਅੰਦਰਲਾ ਵਿਕਾਸ ਬਾਹਰਲੇ ਨਕਸ਼ ਚਿਤਰਦਾ ਹੈ। ਵਾਲਟ ਵਿਟਮੈਨ ਦੀ ਜੀਵਨੀ ਲਿਖਣ ਵਾਲੇ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਸਾਰੀ ਉਮਰ, ਇੱਕ ਪਲ ਵੀ ਢਿੱਲਿਆਂ ਹੋਏ ਬਿਨਾਂ ਉਹ ਆਪਣੀ ਲੰਮੀ ਜ਼ਿੰਦਗੀ ਨੂੰ ਇੱਕ ਕਵਿਤਾ ਦਾ ਰੂਪ ਦੇਣ ਦੇ ਯਤਨ ਕਰਦਾ ਰਿਹਾ। ਕਵਿਤਾ ਲਿਖ ਲੈਣਾ ਉਸ ਦਾ ਮੂਲ ਮਨੋਰਥ ਨਹੀਂ ਸੀ। ਮੂਲ ਮਨੋਰਥ ਉਹਦਾ ਆਪਣੀ ਜ਼ਿੰਦਗੀ ਨੂੰ ਹਰ ਪਾਸਿਓਂ ਇੱਕ ਕਵਿਤਾ ਬਣਾ ਸਕਣਾ ਸੀ। ਜਦੋਂ ਕਿਸੇ ਦੀ ਸਮੁੱਚੀ ਜ਼ਿੰਦਗੀ ਕਵਿਤਾ ਬਣ ਜਾਂਦੀ ਹੈ, ਉਹਦਾ ਬੋਲ, ਉਹਦੀ ਤੋਰ, ਉਹਦੀ ਲੇਖਣੀ, ਉਹਦਾ ਹਰ ਅਮਲ ਕਵਿਤਾ ਬਣ ਜਾਂਦੇ ਹਨ। ਅਖੀਰਲੀ ਉਮਰ ਵਿਚ ਜਦੋਂ ਆਪਣੀ ਕੁਟੀਆ ਵਿਚ ਵਿਟਮੈਨ ਰਹਿੰਦਾ ਸੀ, ਉਹਦੀ ਕਵਿਤਾ ਵਰਗੀ ਸੂਰਤ ਵੇਖਣ ਲਈ ਦੂਰ-ਦੂਰ ਮੁਲਕਾਂ ਤੋਂ ਉਹਦੇ ਪ੍ਰੀਤਵਾਨ ਆਇਆ ਕਰਦੇ ਸਨ।

ਪ੍ਰਸ਼ਨ 1. ਵਾਲਟ ਵਿਟਮੈਨ ਦੇ ਕਵਿਤਾ ਬਾਰੇ ਕੀ ਵਿਚਾਰ ਸਨ ?

ਪ੍ਰਸ਼ਨ 2. ਖ਼ੂਬਸੂਰਤੀ ਕਿਸ ਦੀ ਉਪਜ ਹੈ ?

ਪ੍ਰਸ਼ਨ 3. ਵਾਲਟ ਵਿਟਮੈਨ ਦਾ ਜੀਵਨ ਮਨੋਰਥ ਕੀ ਸੀ ?

ਪ੍ਰਸ਼ਨ 4. ਕੋਈ ਵੀ ਕਵੀ ਮਹਾਨ ਲੇਖਕ ਕਿਵੇਂ ਬਣ ਸਕਦਾ ਹੈ ?

ਪ੍ਰਸ਼ਨ 5. ਕਿਹੋ ਜਿਹੇ ਲੋਕ ਉਸ ਦੀ ਕਵਿਤਾ ਵਰਗੀ ਸੂਰਤ ਦੇਖਣ ਆਉਂਦੇ ਸਨ ?

**(2) ਹੇਠ ਲਿਖੀ ਕਾਵਿ - ਟੁਕੜੀ ਨੂੰ ਪੜ੍ਹ ਦੇ ਪੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :-** (3)

ਸਾਡੀ ਪਿੱਠ ਤੇ ਥੜਾ ਇਤਿਹਾਸ ਸਾਡਾ,
ਸਾਨੂੰ ਮਾਣ ਹੈ ਲਹੂ ਦੇ ਰੰਗ ਉੱਤੇ ।
ਅਸੀ ਜਾਣਦੇ ਕਿੰਵ ਕੁਰਬਾਨ ਹੋਣਾ,
ਸੋਹਣੇ ਦੇਸ਼ ਦੀ ਇੱਕਵੀ ਮੰਗ ਉੱਤੇ ।
ਜਦੋ ਅੰਬਾਂ ਨੂੰ ਲੱਗਿਆ ਬੂਰ ਹੋਣੇ
ਕੋਇਲ ਆਣ ਕੇ ਉਸੇ ਥਾਂ ਚਹਿਕਦੀ ਹੈ ।
ਜਿੱਥੇ - ਕਿੱਥੇ ਸ਼ਹੀਦਾਂ ਦੀ ਰੱਤ ਡੁੱਲੇ,
ਕਿਸੇ ਫਸਲ ਗੁਲਾਬ ਦੀ ਮਹਿਕਦੀ ਹੋਵੇ ।

**(ੳ)** ਸਾਡੀ ਪਿੱਠ ਤੇ ਕੌਣ ਖੜ੍ਹਾ ਹੈ ?

**(ਅ)** ਸਾਨੂੰ ਕਿਸ ਦੇ ਰੰਗ ਤੇ ਮਾਣ ਹੈ ?

**(ੲ)** ਕੋਇਲ ਕਿਸ ਥਾਂ ਆ ਕੇ ਚਹਿਕਦੀ ਹੈ ?

**ਭਾਗ - ਅ** **(20)**

**(3) (ੳ)** ਸਹੀ ਵਿਰੋਧੀ ਸ਼ਬਦ ਚੁਣ ਕੇ ਲਿਖੋ । (5x1=5)

(1) ਅੰਨ੍ਹਾਂ - ਸੁਜਾਖਾ (2) ਅੰਨ੍ਹਾਂ - ਕਾਣਾ (3) ਅੰਨ੍ਹਾ - ਅੰਨ੍ਹੀ

**(ਅ)** ਹਿੰਸਾ ਸ਼ਬਦ ਦਾ ਵਿਰੋਧੀ ਸ਼ਬਦ ਚੁਣੋ -

(1) ਜ਼ੁਲਮ (2) ਅਹਿੰਸਾ (3) ਅੱਤਿਆਚਾਰ

**(ੲ)** ਸੂਰਜ ਉੱਗ ਰਿਹਾ ਹੈ। ਸਹੀ ਵਿਰੋਧੀ ਸ਼ਬਦ ਚੁਣੋ।

(1) ਜਾ ਰਿਹਾ ਹੈ (2) ਉੱਗ (3) ਡੁੱਬ

**(ਸ)** 'ਗਰਮੀ' ਸ਼ਬਦ ਦਾ ਵਿਰੋਧੀ ਸ਼ਬਦ :-

(1) ਠੰਡ (2) ਸਰਦੀ (3) ਅੱਗ

**(ਹ)** ਸੀਤਾ ਬੜੀ ਬਹਾਦਰ ਅਤੇ ਗੁਰਦੀਪ ਬੜਾ __________ ਹੈ।

(1) ਸਿਆਣਾ (2) ਡਰਪੋਕ (3) ਨਲਾਇਕ

**(ਅ) ਲਿੰਗ ਬਦਲੋ :-** (5x1=5)

**(1)** ਮੋਰ ਅਤੇ ___________ ਜੰਗਲ ਵਿੱਚ ਨੱਚ ਰਹੇ ਹਨ।

(ੳ) ਸ਼ੇਰਨੀ (ਅ) ਮੋਰਨੀ (ੲ) ਕੋਇਲ

**(2)** 'ਸਹੇਲੀ' ਸ਼ਬਦ ਦਾ ਪੁਲਿੰਗ ਚੁਣੋ :-

(ੳ) ਸਹੇਲਾ (ਅ) ਸਾਥੀ (ੲ) ਮਿਤਰ

**(3)** ਮੇਰੇ ਮਾਸੜ ਅਤੇ ਮੇਰੇ _____ ਘਰ ਆਈ।

(ੳ) ਚਾਚੀ (ਅ) ਨਾਨੀ (ੲ) ਮਾਸੀ

**(4)** ਜੱਟ ਅਤੇ _____ ਨੇ ਖੇਤਾ ਵਿੱਚ ਫ਼ਸਲ ਲਾਈ।

(ੳ) ਮੁਟਿਆਰ (ਅ) ਜੱਟੀ (ੲ) ਤੀਵੀ

**(5)** _____ ਕਹਾਣੀ ਸੁਣਾ ਰਿਹਾ ਹੈ।

(ੳ) ਕਵੀ (ਅ) ਕਹਾਣੀਕਾਰ (ੲ) ਲੇਖਕ

**(ੲ) ਸ਼ੁੱਧ ਕਰੋ :-** (5x1=5)

**(1)** ਇਸ ਕਮੀਜ ਦਾ ਰੰਗ _____ਹੈ।

(1) ਪੀਲ਼ਾ (2) ਪਿਲਾ (3) ਪਾਲਾ

**(2)** ਸਹੀ ਸ਼ੁੱਧ ਸ਼ਬਦ ਚੁਣੋ।

(1) ਪਰਿਵਰਤਨ (2) ਪਾਰੀਵਰਤਨ (3) ਪਿਰਵਰਤਨ

**(3)** ਇਹ ਉੱਤਰ _____ਹੈ।

(1) ਔਖਾ (2) ਔੱਖਾ (3) ਅੱਖਾ

**(4)** ਸ਼ੁੱਧ ਸ਼ਬਦ ਚੁਣੋ।

(1) ਡਾਕਟਰ (2) ਡਕਟਰ (3) ਡੀਕਟਰ

**(5)** ਸ਼ੁੱਧ ਸ਼ਬਦ ਚੁਣੋ :-

(1) ਬੁੱਧੀ (2) ਬੁੱਧਿ (3) ਬੁੱਧਾ

**(4) ਹੇਠ ਲਿਖੇ ਮੁਹਾਵਰਿਆਂ ਦੇ ਅਰਥ ਸਹਿਤ ਵਾਕ ਲਿਖੋ।** (5x1=5)

**(ੳ)** ਅੱਖਾਂ ਮੀਟ ਛੱਡਣਾ **(ਅ)** ਅਕਾਸ਼ ਨੂੰ ਛੂਹਣਾ **(ੲ)** ੳਸਤਾਦੀ ਕਰਨੀ

**(ਸ)** ਉੱਚਾ ਸਾਹ ਨਾ ਕੱਢਣਾ **(ਹ)** ਅੰਗ ਪਾਲਣਾ

**ਭਾਗ - ੲ ਪ੍ਰਭਾਵਸ਼ਾਲੀ ਲਿਖਣ ਕੌਸ਼ਲ)** **(20)**

**(5) ਮਾਂ ਬੋਲੀ ਦੀ ਮਹਾਨਤਾ ਬਾਰੇ ਲਿਖੋ।** (8)

ਨੁਕਤੇ - ਭੂਮਿਕਾ, ਮਾਤ - ਭਾਸ਼ਾ ਕੀ ਹੈ ? ਦੇਸ਼, ਪਿਆਰ, ਸੱਭਿਆਚਾਰ ਨਾਲ ਸੰਬੰਧ ਸਾਰੰਸ਼।

**ਜਾਂ**

'ਸਮੇਂ ਦੀ ਕਦਰ' ਉੱਪਰ ਲੇਖ ਲਿਖੋ।

ਨੁਕਤੇ - ਭੂਮਿਕਾ, ਸਮੇਂ ਦੀ ਸੰਭਾਲ, ਸਮੇਂ ਦੀ ਸਹੀ ਵਰਤੋਂ, ਸਾਰੰਸ਼

**(6) ਤੁਹਾਡਾ ਕੀਮਤੀ ਸਾਈਕਲ ਗੁੰਮ ਹੋ ਗਿਆ ਹੈ । ਇਸ ਸੰਬੰਧੀ ਐਸ ਅੱਚ ਓ ਨੂੰ ਇੱਕ ਪੱਤਰ ਲਿਖ. ।** (7)

(ਨੁਤਕੇ - ਵਿਸ਼ਾ, ਮਿਤੀ ਫੋਨ ਨੰ0 ਸੱਮਸਿਆ, ਅੰਤ, ਦਸਤਖ਼ਤ)

**ਜਾਂ**

ਆਪਣੀ ਸਹੇਲੀ ਜਾਂ ਮਿੱਤਰ ਨੂੰ ਕਿਸੀ ਇਤਿਹਾਸਿਕ ਯਾਤਰਾ ਬਾਰੇ ਲਿਖੋ ਜੋ ਆਪਣੇ ਹੁਣੇ - ਹੁਣੇ ਕੀਤੀ ਹੈ ।

ਨੁਕਤੇ - ਛੁੱਟੀਆਂ ਵਿੱਚ ਇਤਿਹਾਮਿਕ ਟੂਰ, ਤਾਜ ਮੱਹਲ ਦੀ ਸੁੰਦਰਤਾ, ਬਾਦਸ਼ਾਹ ਤੇ ਬੇਗਮ ਦੀਆਂ ਕਬਰਾਂ, ਵਾਪਸੀ ।

**(7) ਹੇਠ ਲਿਖੇ ਚਿੱਤਰ ਨੂੰ ਧਿਆਨ ਨਾਲ਼ ਵੇਖ ਕੇ ਉਸ ਨੂੰ ਆਪਣੇ ਸ਼ਬਦਾ ਵਿੱਚ ਲਿਖੋ ।** (5)

**<u>ਭਾਗ - ਸ</u> (ਪਾਠ - ਪੁਸਤਕ ਤੇ ਅਧਾਰਿਤ)** **(30)**

**(8) ਇੱਕ ਸ਼ਬਦਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਦਿਓ ।** (5x1=5)

**(ੳ)** ਸਮਾਂ ਕਵਿਤਾ ਦੇ ਕਵੀ ਕੌਣ ਹਨ ?

**(ਅ)** ਕਪੂਰ ਸਿੰਘ ਕਿਸ ਕਹਾਣੀ ਦਾ ਪਾਤਰ ਹੈ ?

**(ੲ)** ਮੌਨਧਾਰੀ ਇਕਾਂਗੀ ਵਿੱਚ ਕੁਲ ਕਿੰਨੇ ਪਾਤਰ ਹਨ ?

**(ਸ)** 'ਵਿਸਾਖੀ ਦਾ ਮੇਲਾ ਕਵਿਤਾ ਕਿਸ ਕਵੀ ਦੁਆਰਾ ਲਿਖੀ ਗਈ ਹੈ ?

**(ਹ)** ਮੋਨਧਾਰੀ ਇਕਾਂਗੀ ਦੇ ਇਕਾਂਗੀਕਾਰ ਕੌਣ ਹਨ ?

**(9) ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਦਿਓ :-** (5x1=5)

**(ੳ)** 'ਮੁੜ ਵੇਖਿਆ ਪਿੰਡ' ਲੇਖ ਵਿੱਚ ਲੇਖਕ ਕਿੱਥੇ ਜਾ ਰਿਹਾ ਸੀ ?

(1) ਭੇਰੇ ਪਿੰਡ (2) ਦਿੱਲੀ (3) ਹਰਿਆਨਾ

**(ਅ)** ਖੂਹ ਦੇ ਨੇੜੇ ਲੇਖਕ ਕੇ ਕਿਸ ਰਿਸ਼ਤੇਦਾਰ ਦਾ ਘਰ ਸੀ ?

(1) ਤਾਏ ਦਾ (2) ਮਾਸੇ ਦਾ (3) ਚਾਚੇ ਦਾ

**(ੲ)** ਰਾਮ - ਪਿਆਰੀ ਕਿਸ ਦੀ ਮੁੱਖ ਪਾਤਰ ਹੈ ?

(1) ਸਾਂਝੀ ਕੰਧ (2) ਮੌਨਧਾਰੀ ਇੰਕਾਗੀ (3) ਵਹਿਮੀ ਤਾਇਆ

**(ਸ)** ਕਪੂਰ ਸਿੰਘ ਆਰਥਿਕ ਪੱਖੋਂ ਕਿਵੇਂ ਸੀ ?

(1) ਕਮਜ਼ੋਰ (2) ਅਮੀਰ (3) ਗਰੀਬ

**(ਹ)** 'ਸਮਾਂ' ਕਦੋਂ ਵਾਪਿਸ ਨਹੀਂ ਆਉਂਦਾ ?

(1) ਬੀਤਿਆ ਹੋਇਆ (2) ਚਲ ਰਿਹਾ (3) ਆਉਣ ਵਾਲਾ

**(10) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ (25 -30) ਸ਼ਬਦਾਂ ਵਿੱਚ ਦਿਓ :- (ਕੌਈ ਚਾਰ ਕਰੋ)** (2x4=8)

**(ੳ)** ਜੁਗਲ ਪ੍ਰਸ਼ਾਦ ਨੇ ਕੜਕਦੇ ਹੋਏ ਕੀ ਕਿਹਾ ?

**(ਅ)** ਦਰਬਾਰੀ ਦੀ ਆਰਥਿਕ ਹਾਲਤ ਕਿਹੋ ਜਿਹੀ ਸੀ ? ਸਾਝੀ ਕੰਧ ਕਹਾਣੀ ਦੇ ਅਧਾਰ ਤੇ ਦੱਸੋ ।

**(ੲ)** ਮਦਨ ਲਾਲ ਕੌਣ ਸੀ ? ਉਹ ਆਪਣੀ ਮਾਸੀ ਕੋਲ ਕਿਉ ਗਿਆ ਸੀ ?

**(ਸ)** ਚੌਧਰੀ ਗੁਲਾਮ ਮੁੰਹਮਦ ਕੌਣ ਸੀ ? ਉਹ ਲੇਖਕ ਨਾਲ ਕਿਉਂ ਮਿਲਿਆ ?

**(ਹ)** 'ਵਿਸਾਖੀ ਦੀ ਮੇਲਾ' ਕਵਿਤਾ ਬਾਰੇ ਜਾਣਕਾਰੀ ਦਿਓ ।

**(11) ਹੇਠ ਲਿਖੇ ਪ੍ਰਸ਼ਨਾਜ ਦੇ ਉੱਤਰ (50 -60) ਸ਼ਬਦਾਂ ਵਿੱਚ ਲਿਖੋ । (ਕੋਈ ਦੋ ਕਰੋ)** (2x4=8)

**(ੳ)** 'ਮੁੜ ਵੇਖਿਆਂ ਪਿੰਡ' ਲੇਖ ਦਾ ਵਿਸ਼ਾ ਕੀ ਹੈ ?

**(ਅ)** 'ਮੈਂ ਪੰਜਾਬੀ ਕਵਿਤਾ ਦਾ ਕੇਂਦਰੀ ਭਾਵ ਲਿਖੋ ।

**(ੲ)** ਜਨਮ - ਦਿਨ ਕਹਾਣੀ ਦਾ ਵਿਸ਼ਾ ਲਿਖੋ ।

**(12) ਇੱਕਾਂਗੀ ਵਿੱਚੋ :-** (4x1=4)

ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ (50 - 60) ਸ਼ਬਦਾਂ ਵਿੱਚ ਦਿਓ ।

ਮੌਨਧਾਰੀ ਇੱਕਾਂਗੀ ਦੇ ਇਕਾਂਗੀਕਾਰ ਦਾ ਨਾਂ ਦੱਸਦੇ ਹੋਏ ਇਕਾਂਗੀ ਦਾ ਵਿਸ਼ਾ ਲਿਖੋ ।

**ਜਾਂ**

ਰਾਮ - ਪਿਆਰੀ ਦਾ ਪਾਤਰ - ਚਿੱਤਰਨ ਕਰੋ ।